ਸਭ ਹੱਕ ਰਾਖਵੇਂ ਹਨ !

# ਪ੍ਰੇਮ ਬਾਣ

9.574

ਪ੍ਰਕਾਸ਼ਕ:—
ਜੈਦੇਵ ਸਿੰਘ ਜੋਗਿੰਦ੍ਰ ਸਿੰਘ ਪੁਸਤਕਾਂ ਵਾਲੇ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

DYAL SINGH
LAHORE
LIBRARY

"ਮੁਸਾਫਿਰ"

ਭੇਟਾ ।।।)

ੴ ਸਤਿਗੁਰਪ੍ਰਸਾਦਿ ॥

# ਦੋ ਇਕ ਗਲਾਂ

ਮੈਨੂੰ ਇਹ ਖਿਆਲ ਨਹੀਂ ਸੀ ਕਿ ਮੈਂ ਵੇਲੇ ਕੁਵੇਲੇ ਜੋ ਇਹ ਤੁਕਾਂ ਲਿਖ ਛਡਦਾ ਹਾਂ, ਕਦੇ ਮੈਂਚੀ ਦਾ ਰੂਪ ਵੀ ਧਾਰਨ ਕਰਨਗੀਆਂ। ਅਕਾਲੀ ਲਹਿਰ ਵੇਲੇ ਕੁਝ ਇਕ ਵਕਤੀ ਨਜ਼ਮਾਂ "ਸਬਰ ਦੇ ਬਾਣ ਪਹਿਲਾ ਹਿਸਾ ਤੇ ਫੇਰ ਦੂਜਾ ਹਿਸਾ" ਦੇ ਨਾਮ ਹੇਠ ਛਪੀਆਂ ਸਨ, ਪਰ ਇਹ ਉਦਮ ਬਹੁਤ ਹਦ ਤਕ ਕੇਵਲ ਉਸ ਵੇਲੇ ਦੀ ਲੋੜ ਨੂੰ ਹੀ ਪੂਰਿਆਂ ਕਰਨ ਵਾਸਤੇ ਸੀ।

ਅਜ ਦੇ ਦਿਨ ਤਕ ਮੇਰਾ ਆਪਣੀ ਬਾਬਤ ਇਹੋ ਅੰਦਾਜ਼ਾ ਹੈ ਕਿ ਜੇ ਮੈਂ ਆਪਣੇ ਆਪ ਨੂੰ ਕਵੀਆਂ ਦੀ ਸ੍ਰੇਣੀ ਵਿਚ ਸਮਝ ਵੀ ਲਵਾਂ ਤਾਂ ਵੀ ਮੈਂ ਕੋਈ ਬਹੁਤ ਜ਼ਿਆਦਾ ਤੇ ਤੇਜ਼ੀ ਨਾਲ ਲਿਖਣ ਵਾਲਾ ਕਵੀ ਨਹੀਂ ਹਾਂ। ਜਦ ਕਦੇ ਕੋਈ ਖਿਆਲ ਆਇਆ, ਲਿਖ ਛਡਿਆ। ਇਹ ਆਦਤ ਹੁਣ ਸਗੋਂ ਵਧਦੀ ਨਜ਼ਰ ਆ ਰਹੀ ਹੈ। ਜਿਤਨਾਂ ਸੁਸਤ ਮੈਂ ਲਿਖਣ ਵਿਚ ਹਾਂ, ਉਤਨਾਂ ਹੀ ਲਾ-ਪ੍ਰਵਾਹ ਲਿਖੀ ਹੋਈ ਚੀਜ਼ ਨੂੰ ਮਾਂਜਣ ਤੇ ਸੰਭਾਲਣ ਵਿੱਚ ਹਾਂ। ੧੯੨੩ ਈ: ਵਿਚ ਕੁਝ ਇਕ ਚੋਣਵੀਆਂ

ਕਵਤਾਵਾਂ ਇਕ ਕਾਪੀ ਵਿਚ ਜਮ੍ਹਾਂ ਕੀਤੀਆਂ ਸਨ, ਪਰ ਜਿਹਲੋਂ ਪਰਤ ਕੇ ਉਸ ਕਾਪੀ ਦੇ ਦਰਸ਼ਨ ਨਸੀਬ ਨਹੀਂ ਹੋਏ। ਉਸ ਦੇ ਮਗਰੋਂ ਪਿਛਲੇ ਸਾਲ ੧੯੩੩ ਈ: ਵਿੱਚ ਕਿਸੇ ਪ੍ਰੇਮੀ ਨੇ ਪਤਾ ਨਹੀਂ ਕਿਸ ਸ਼ਕ ਵਿਚ ਮੇਰਾ ਬੈਗ ਉਡਾ ਲਿਆ। ਪਿਛਲੇ ਦਸਾਂ ਕੁ ਸਾਲਾਂ ਦਾ ਲਿਖਿਆ ਲਿਖਾਇਆ ਤਕਰੀਬਨ ਸਭ ਕੁਝ ਉਸ ਬੈਗ ਦੇ ਵਿਚ ਹੀ ਸੀ। ਕੁਝ ਦਿਨਾਂ ਮਗਰੋਂ ਬੈਗ ਤਾਂ ਟੁਟਾ ਭਜਾ ਬਾਹਰੋਂ ਖੇਤਾਂ ਵਿਚੋਂ ਮਿਲ ਗਿਆ, ਪਰ ਜ਼ਰੂਰੀ ਕਾਪੀ ਵਿਚੋਂ ਨਾ ਮਿਲੀ! ਫਿਰ ਨਵੇਂ ਸਿਰਿਓਂ ਅਖਬਾਰਾਂ, ਰਸਾਲਿਆਂ ਤੇ ਟ੍ਰੈਕਟਾਂ ਆਦਿ ਦੀ ਫੋਲਾ ਫਾਲੀ ਕਰਕੇ ਅਤੇ ਕੁਝ ਅਪਣੀ ਅਰ ਦੋਸਤਾਂ ਮਿਤ੍ਰਾਂ ਦੀ ਯਾਦਾਸ਼ਤ ਦੀ ਸਹਾਇਤਾ ਨਾਲ ਥੋੜਾ ਜਿਹਾ ਮਸਾਲਾ ਜਮਾਂ ਕੀਤਾ। ਬਹੁਤ ਸਾਰੀਆਂ ਅਣਛੱਪੀਆਂ ਨਜ਼ਮਾਂ ਨਹੀਂ ਮਿਲ ਸਕੀਆਂ, ਕਈ ਛਪੀਆਂ ਹੋਈਆਂ ਵੀ ਸ਼ਾਇਦ ਕਿਧਰੇ ਖੁੰਡੇ ਲਗੀਆਂ ਰਹਿ ਗਈਆਂ ਹੋਣ। ਜੋ ਕੁਝ ਮਿਲ ਸਕਿਆ ਹੈ, ਉਸ ਨੂੰ ਇਨ੍ਹਾਂ ਤਿੰਨਾਂ ਹਿਸਿਆਂ ਵਿਚ ਵੰਡ ਦਿਤਾ ਹੈ:-

(੧) ਗੁਰੂ ਜਸ ਤੇ ਕੇਵਲ ਸਿਖ ਸਿਧਾਂਤ ਪ੍ਰਗਟ ਕਰਨ ਵਾਲੀਆਂ ਨਜ਼ਮਾਂ।

(੨) ਧਾਰਮਿਕ ਭਾਵ, ਸਮਾਜਿਕ, ਸਾਹਿਤਕ ਤੇ ਹੋਰ ਫੁਟਕਲ ਵਿਚਾਰ।

(੩) ਰਾਜਸੀ ਵਿਚਾਰ।



ਪਹਿਲੇ ਹਿਸੇ ਵਿਚ ਆਉਣ ਵਾਲੀਆਂ ਨਜ਼ਮਾਂ 'ਪ੍ਰੇਮ-ਬਾਣ' ਦੇ ਨਾਮ ਹੇਠ ਛਪਕੇ ਪਾਠਕਾਂ ਦੇ ਹੱਥਾਂ ਵਿਚ ਹਨ। ਦੂਜੇ ਹਿਸੇ ਵਿਚ ਦਰਜ ਹੋਣ ਵਾਲੀਆਂ ਪ੍ਰੈਸ ਵਿਚ ਹਨ! ਤੀਜੇ ਹਿਸੇ ਬਾਬਤ ਕੋਈ ਇਕਰਾਰ ਕਰਨਾ ਅਜੇ ਮੁਸ਼ਕਿਲ ਹੈ।

ਇਸ "ਪ੍ਰੇਮ ਬਾਣ" ਨਾਮ ਦੀ ਸੈਂਚੀ ਵਿਚ ਕੇਵਲ ੩੧ ਨਜ਼ਮਾਂ ਹਨ। ਇਸ ਹਿਸੇ ਵਿਚ ਦਰਜ ਹੋਣ ਵਾਲੀਆਂ ਹੋਰ ਬਹੁਤ ਸਾਰੀਆਂ ਨਜ਼ਮਾਂ ਦੀ ਹਾਲਤ ਉਸ ਬਚੇ ਵਰਗੀ ਖ਼ਿਆਲ ਕਰਨੀ ਚਾਹੀਦੀ ਹੈ ਜੋ ਜੰਮਦਿਆਂ ਹੀ ਮਾਪਿਆਂ ਦੀ ਲਾ ਪ੍ਰਵਾਹੀ ਨਾਲ ਗੁਆਚ ਗਿਆ ਹੋਵੇ, ਅਤੇ ਵਿਛੋੜੇ ਦੇ ਦੁਖ ਨਾਲ ਭੁਖਾ ਭਾਣਾ ਯਾ ਤਾਂ ਪ੍ਰਾਣ ਤਿਆਗ ਸੰਸਾਰ ਤੋਂ ਅਲੋਪ ਹੋ ਚੁਕਾ ਹੋਵੇ ਜਾਂ ਕਿਸੇ ਤਰ੍ਹਾਂ ਬਚ ਵੀ ਰਿਹਾ ਹੋਵੇ ਤਾਂ ਵੀ ਨਾ ਹੀ ਉਸ ਨੂੰ ਆਪ ਤੇ ਨਾ ਹੀ ਉਸਦੇ ਮਾਪਿਆਂ ਨੂੰ ਇਕ ਦੂਜੇ ਦਾ ਪਤਾ ਰਿਹ ਹੋਵੇ। ਇਸ ਹਿਸੇ ਵਿਚ ਆਉਣ ਵਾਲੀਆਂ ਕੁਝ ਇਕ ਨਜ਼ਮਾਂ ਜਾਣ ਬੁੱਝ ਕੇ ਵੀ ਛੱਡ ਦਿਤੀਆਂ ਹਨ।

ਕਿਸੇ ਨਾ ਕਿਸੇ ਵਿਦਵਾਨ ਸਜਣ ਜਾਂ ਸਜਣਾਂ ਪਾਸੋਂ ਭੂਮਿਕਾ ਤੇ ਰਾਵਾਂ ਲਿਖਾਉਣ ਦਾ ਅਜ ਕਲ ਆਮ ਰਿਵਾਜ ਹੈ। ਪਰ ਮੈਂ ਇਸ ਮੌਕੇ ਤੇ ਇਸ ਕਿਸਮ ਦਾ ਯਤਨ ਕਰਨਾ ਮੁਨਾਸਬ ਨਹੀਂ ਖਿਆਲ ਕੀਤਾ ਕਿਉਂਕਿ ਇਸ ਤਰਾਂ ਕਈ ਵੇਰਾਂ ਆਪਣੀ ਬਾਬਤ ਸਖਤ ਭੁਲੇਖਾ ਲਗ ਜਾਂਦਾ ਹੈ। ਨਾਲੇ ਮੈਂ ਖਿਆਲ ਕੀਤਾ ਕਿ ਇਸ ਛੋਟੀ ਜਿਹੀ ਚੀਜ਼ ਵਾਸਤੇ ਕੀ ਕਿਸੇ ਬਜ਼ੁਰਗ ਨੂੰ ਐਸੀ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.